# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106, 2621104,2631104,ਫੈਕਸ:0172-2624687 ਈ-ਮੇਲ: ssapunjab123@gmail.com

ਵੱਲ: ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ),

ਪੰਜਾਬ।

ਮੀਮੋ ਨੰ: 9/5-2010/SSA/FTB/ 30265

ਮਿਤੀ,ਚੰਡੀਗੜ੍ਹ: 19 ਮਾਰਚ,2010

**ਵਿਸ਼ਾ: ਵਿੱਦਿਅਕ ਸਾਲ 2010-11 ਵਾਸਤੇ ਕੰਪਿਊਟਰ ਵਿਸ਼ੇ ਦੀਆਂ ਕਿਤਾਬਾਂ ਦੀ ਸੁਚਾਰੂ ਵੰਡ ਸਬੰਧੀ।**

1.0 ਉਪਰੋਕਤ ਵਿਸ਼ੇ ਅਧੀਨ ਦੱਸਿਆ ਜਾਂਦਾ ਹੈ ਕਿ ਵਿਦਿਅਕ ਸਾਲ 2010-11 ਵਾਸਤੇ ਕੰਪਿਊਟਰ ਵਿਸ਼ੇ ਦੀਆਂ ਕਿਤਾਬਾਂ ਦੀ ਸਪਲਾਈ ਮੁੱਖ ਮੰਤਰੀ ਜੀ ਦੁਆਰਾ ਲਏ ਗਏ ਫ਼ੈਸਲੇ ਦੀ ਰੋਸ਼ਨੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਹੀ ਵੰਡੇਗਾ ਅਤੇ ਸਿੱਖਿਆ ਵਿਭਾਗ ਦਾ ਅਮਲਾ-ਫ਼ੈਲਾ ਇਸ ਕਾਰਜ ਵਿੱਚ ਹਰ ਸੰਭਵ ਮੱਦਦ ਕਰੇਗਾ।

2.0 ਜ਼ਿਲ੍ਹਾ ਮੈਨੇਜ਼ਰ ਪੰਜਾਬ ਸਕੂਲ ਸਿੱਖਿਆ ਬੋਰਡ ਜ਼ਿਲ੍ਹੇ ਅੰਦਰ ਕਿਤਾਬਾਂ ਦੀ ਸਕੂਲ ਪੱਧਰ ਤੱਕ ਸਮੇ ਸਿਰ ਵੰਡ ਲਈ ਜ਼ਿਮੇਵਾਰ ਹੋਣਗੇ ਅਤੇ ਜ਼ਿਲ੍ਹਾ ਕੋਆਰਡੀਨੇਟਰਜ਼ (ਟੈਕ.ਬੁਕਸ) ਉਹਨਾਂ ਨੂੰ ਲੋੜੀਂਦੀ ਜਾਣਕਾਰੀ ਅਤੇ ਸਹਾਇਤਾ ਮੁਹੱਈਆ ਕਰਨਗੇ।

3.0 ਜ਼ਿਲ੍ਹਾ ਕੋਆਰਡੀਨੇਟਰਜ਼ (ਆਈ ਸੀ ਟੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਜ਼ਿਲ੍ਹਾ ਕੋਆਰਡੀਨੇਟਰਜ਼ (ਟੈਕ.ਬੁਕਸ) ਨਾਲ ਮਿਲ ਕੇ ਕੰਪਿਊਟਰ ਵਿਸ਼ੇ ਦੀਆਂ ਕਿਤਾਬਾਂ ਹਰ ਸਕੂਲ ਵਿੱਚ ਪੁਜਦੀਆਂ ਕਰਨ ਲਈ ਬਰਾਬਰ ਦੇ ਜ਼ਿੰਮੇਵਾਰ ਹੋਣਗੇ।

4.0 ਜ਼ਿਲ੍ਹਾ ਕੋਆਰਡੀਨੇਟਰਜ਼ (ਆਈ ਸੀ ਟੀ) ਜ਼ਿਲ੍ਹਾ ਪੱਧਰ 'ਤੇ ਕੰਪਿਊਟਰ ਵਿਸ਼ੇ ਦੀਆਂ ਵੰਡੀਆਂ ਗਈਆਂ ਕਿਤਾਬਾਂ ਦੀ ਗਿਣਤੀ ਨੂੰ ਇਕੱਤਰ ਕਰਨਗੇ ਅਤੇ ਜ਼ਿਲ੍ਹਾ ਮੈਨੇਜ਼ਰ, ਪ.ਸ.ਸ.ਬ. ਵੱਲੋਂ ਪੇਸ਼ ਕੀਤੇ ਬਿਲ ਨੂੰ ਵੈਰੀਫ਼ਾਈ ਕਰਨਗੇ।

5.0 ਕੰਪਿਊਟਰ ਵਿਸ਼ੇ ਦੀਆਂ ਛੇਵੀਂ ਤੋਂ ਬਾਹਰਵੀਂ ਜਮਾਤ ਤੱਕ ਦੀਆਂ ਕਿਤਾਬਾਂ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਤਸਦੀਕ ਕਰਨਗੇ ਕਿ ਜ਼ਿਲ੍ਹੇ ਅੰਦਰ ਸਾਰੇ ਸਕੂਲਾਂ ਨੂੰ ਉਹਨਾਂ ਦੀ ਮੰਗ ਅਨੁਸਾਰ ਕਿਤਾਬਾਂ ਪ੍ਰਾਪਤ ਹੋ ਗਈਆਂ ਹਨ ਅਤੇ ਇਹ ਸਹੀ ਹਾਲਤ, ਸਹੀ ਗਿਣਤੀ

ਵਿੱਚ ਪ੍ਰਾਪਤ ਕੀਤੀਆਂ ਗਈਆਂ ਹਨ।ਇਸ ਤੋਂ ਬਾਅਦ ਇਹਨਾਂ ਕਿਤਾਬਾਂ ਦੀ ਸਟਾਕ ਐਂਟਰੀ ਕਰਕੇ ਬਿਲ 'ਤੇ ਦਰਸਾਈ ਜਾਵੇਗੀ ਅਤੇ ਬਿਲਾਂ ਦੀ ਇੱਕ ਪਰਤ ਮੁੱਖ ਦਫ਼ਤਰ ਵਿਖੇ ਅਗਲੇਰੀ ਕਾਰਵਾਈ ਲਈ ਭੇਜੀ ਜਾਵੇਗੀ।

6.0 ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਕਿਤਾਬਾਂ ਨੂੰ ਜ਼ਿਲ੍ਹਾ ਭਲਾਈ ਅਫ਼ਸਰ ਵੱਲੋਂ ਪ੍ਰਤੀ ਹਸਤਾਖ਼ਰ ਕਰਵਾ ਲਿਆ ਜਾਵੇ ਤਾਂ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਭਲਾਈ ਵਿਭਾਗ ਵੱਲੋਂ ਪੇਮੈਂਟ ਕਰਨ ਵੇਲੇ ਕੋਈ ਦਿੱਕਤ ਪੇਸ਼ ਨਾ ਆਏ।

7.0 ਅਗਰ ਕਿਸੇ ਸਕੂਲ ਵਿੱਚ ਕਿਤਾਬਾਂ ਨਹੀਂ ਪੁਜਦੀਆਂ ਜਾਂ ਘੱਟ ਪ੍ਰਾਪਤ ਹੋਈਆਂ ਹਨ ਤਾਂ ਸਕੂਲ ਮੁਖੀ ਤੁਰੰਤ ਜ਼ਿਲ੍ਹਾ ਕੋਆਰਡੀਨੇਟਰ (ਆਈ ਸੀ ਟੀ), ਜ਼ਿਲ੍ਹਾ ਕੋਆਰਡੀਨੇਟਰ (ਟੈਕ.ਬੁਕਸ) ਅਤੇ ਜ਼ਿਲ੍ਹਾ ਮੈਨੇਜ਼ਰ, ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸੰਪਰਕ ਕਰਕੇ ਕਿਤਾਬਾਂ ਦੀ ਪਹੁੰਚ ਯਕੀਨੀ ਬਣਾਏ ਅਤੇ ਕੀਤੀ ਗਈ ਕਾਰਵਾਈ ਤੋਂ ਮੁੱਖ ਦਫ਼ਤਰ ਨੂੰ ਜਾਣੂੰ ਕਰਵਾਏ।

8.0 ਕਿਤਾਬਾਂ ਦੀ ਵੰਡ ਉਪਰੰਤ ਜੇਕਰ ਕਿਸੇ ਕਾਰਨ ਕਿਤਾਬਾਂ ਵਾਧੂ ਗਿਣਤੀ ਵਿੱਚ ਪ੍ਰਾਪਤ ਹੋ ਜਾਂਦੀਆਂ ਹਨ ਤਾਂ ਇਹ ਵਾਪਸ ਜ਼ਿਲ੍ਹਾ ਮੈਨੇਜ਼ਰ ਨੂੰ ਭੇਜ ਦਿੱਤੀਆਂ ਜਾਣ ਅਤੇ ਇਹਨਾਂ ਨੂੰ ਬਿਲ ਵਿੱਚ ਸ਼ਾਮਲ ਨਾ ਕੀਤਾ ਜਾਵੇ।

9.0 ਜ਼ਿਲ੍ਹਾ ਕੋਆਰਡੀਨੇਟਰ (ਆਈ ਸੀ ਟੀ) ਆਪਣੇ ਜ਼ਿਲ੍ਹੇ ਵਿੱਚ ਬਾਕਾਇਦਾ ਇੱਕ ਕੰਟਰੋਲ ਰੂਮ ਦੀ ਤਰਜ਼ 'ਤੇ ਜ਼ਿਲ੍ਹੇ ਨਾਲ ਸਬੰਧਤ ਹਰ ਕਾਰਵਾਈ 'ਤੇ ਨਜ਼ਰ ਰੱਖਣਗੇ ਅਤੇ ਕੀਤੀ ਗਈ ਕਾਰਵਾਈ ਸਬੰਧੀ ਮੁੱਖ ਦਫ਼ਤਰ ਨੂੰ ਹਰ ਰੋਜ਼ ਦਫ਼ਤਰ ਦੇ ਸੰਪਰਕ ਨੰਬਰਾਂ ਦੇ ਇਲਾਵਾ ਹੇਠ ਲਿਖੇ ਨੰਬਰਾਂ 'ਤੇ ਜਾਣੂੰ ਕਰਵਾਉਣਗੇ।

ਸ਼੍ਰੀ ਦਵਿੰਦਰ ਸਿੰਘ- 9478200150, ਸ਼੍ਰੀ ਸੰਜੀਵ ਕੁਮਾਰ- 9478200140,
ਅਮਰਜੀਤ ਸਿੰਘ- 9478200130

10.0 ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਡੀ.ਜੀ.ਐੱਸ.ਈ.-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਚੰਡੀਗੜ੍ਹ।**

ਪਿਠ ਅੰਕਣ ਨੰ:-ਉਕਤ-

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਉਹਨਾਂ ਦੀ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਚੇਅਰਮੈਨ,ਪੰਜਾਬ ਸਕੂਲ ਸਿੱਖਿਆ ਬੋਰਡ,ਸਾਹਿਬਜ਼ਾਦਾ ਅਜੀਤ ਸਿੰਘ ਨਗਰ।
2. ਡਾਇਰੈਕਟਰ, ਭਲਾਈ ਵਿਭਾਗ, ਪੰਜਾਬ ਸਰਕਾਰ।
3. ਜ਼ਿਲ੍ਹਾ ਸਿੱਖਿਆ ਅਫ਼ਸਰ(ਐਸਿ)।
4. ਰਾਜ ਦੇ ਸਮੂਹ ਸਕੂਲ ਮੁਖੀਆਂ ਨੂੰ ਵੈਬ-ਸਾਈਟ ਰਾਹੀਂ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਡੀ.ਜੀ.ਐੱਸ.ਈ.-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਚੰਡੀਗੜ੍ਹ।**